ਦਫਤਰ ਜਿਲਾ ਲੋਕ ਸੰਪਰਕਅਫਸਰ, ਅੰਮ੍ਰਿਤਸਰ

ਆਪਣੇ ਇਲਾਕੇ ਵਿੱਚ ਬਾਹਰੋਂ ਆਏ ਵਿਅਕਤੀਆਂ ਦੀ ਜਾਣਕਾਰੀ ਦੇਣ ਲਈ ਨੰਬਰਦਾਰ, ਸਰਪੰਚ ਅਤੇ ਕੌਂਸਲਰ ਹੋਣਗੇ ਪਾਬੰਦ

ਅੰਮ੍ਰਿਤਸਰ, 21 ਮਈ:

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਕੋਵਿਡ-19 ਮਹਾਂਮਾਰੀ ਨੂੰ ਰੋਕਣ ਲਈ ਜਿਲੇ ਵਿੱਚ ਬਾਹਰੋਂ ਆਏ ਹਰੇਕ ਵਿਅਕਤੀ ਦੀ ਜਾਂਚ ਕੀਤੀ ਜਾਵੇਗੀ ਅਤੇ ਇਸ ਲਈ ਜਿਲੇ ਵਿੱਚ ਬਾਹਰੋਂ ਆਏ ਵਿਅਕਤੀਆਂ ਦੀ ਸੂਚਨਾ ਦੇਣ ਲਈ ਨੰਬਰਦਾਰ, ਸਰਪੰਚ ਅਤੇ ਕੌਂਸਲਰ ਪਾਬੰਦ ਹੋਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰ ਸ਼ਿਵਦੁਲਾਰ ਸਿੰਘ ਢਿਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦੱਸਿਆ ਕਿ ਕੋਵਿਡ -19 ਮਹਾਂਮਰੀ ਨੂੰ ਰੋਕਣ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਇਸ ਤਹਿਤ ਸਪੰਰਚ ਅਤੇ ਨੰਬਰਦਾਰ ਆਪਣੇ ਪਿੰਡ ਵਿੱਚ ਬਾਹਰੋਂ ਆਏ ਵਿਅਕਤੀਆਂ ਦੀ ਜਾਣਕਾਰੀ ਬੀ:ਡੀ:ਪੀ:ਓ/ਤਹਿਸੀਲਦਾਰ ਅਤੇ ਸ਼ਹਿਰਾਂ ਵਿੱਚ ਆਏ ਵਿਅਕਤੀ ਦੀ ਜਾਣਕਾਰੀ ਕੌਂਸਲਰਾਂ ਵੱਲੋਂ ਜਾਇੰਟ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਨੂੰ ਦੇਣੀ ਯਕੀਨੀ ਬਣਾਈ ਜਾਵੇਗੀ। ਉਨਾਂ ਦੱਸਿਆ ਕਿ ਇਹ ਜਾਣਕਾਰੀ ਮਿਲਣ ਤੇ ਰੈਪਿਡ ਰਿਸਪੌਂਸ ਟੀਮ ਆਪਣੇ ਖੇਤਰਾਂ ਵਿੱਚ ਪੈਂਦੇ ਵਿਅਕਤੀਆਂ ਦੀ ਤੁਰੰਤ ਸਕਰੀਨਿੰਗ ਕਰੇਗੀ। ਉਨਾਂ ਦੱਸਿਆ ਕਿ ਸਿਵਲ ਸਰਜਨ ਵੱਲੋਂ ਸਬੰਧਤ ਇਲਾਕੇ ਦੇ ਐਸ:ਐਮ:ਓ ਅਤੇ ਜਿਲਾ ਕੰਟਰੋਲ ਰੂਮ ਦੀ ਸਹਾਇਤਾ ਨਾਲ ਬਾਹਰੋਂ ਆਏ ਵਿਅਕਤੀਆਂ ਦੀ ਜਾਂਚ ਕਰੇਗੀ ਅਤੇ ਸ਼ੱਕੀ ਵਿਅਕਤੀਆਂ ਦੇ ਤੁਰੰਤ ਟੈਸਟ ਵੀ ਕੀਤੇ ਜਾਣਗੇ।

ਸ੍ਰ ਢਿਲੋਂ ਨੇ ਦੱਸਿਆ ਕਿ ਹਰੇਕ ਸੈਕਟਰ ਮੈਜਿਸਟਰੇਟ ਯਕੀਨੀ ਬਣਾਏਗਾ ਕਿ ਬਾਹਰੋਂ ਆਏ ਵਿਅਕਤੀਆਂ ਦੀ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਾਂਚ ਕੀਤੀ ਜਾਵੇ ਅਤੇ ਹਰੇਕ ਐਸ:ਡੀ:ਐਮ ਆਪਣੇ ਸਬ ਡਵੀਜਨ ਦੀ ਜਾਣਕਾਰੀ ਰੋਜਾਨਾ ਦੇਣਗੇ।

======

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਐਲ:ਆਈ:ਸੀ ਕਰਮਚਾਰੀਆਂ ਨੇ ਕੈਬਨਿਟ ਮੰਤਰੀ ਸੋਨੀ ਨੂੰ ਮੁੱਖ ਮੰਤਰੀ ਕੋਵਿਡ ਰਲੀਫ ਫੰਡ ਲਈ ਭੇਂਟ ਕੀਤਾ ਚੈਕ

ਕੈਬਨਿਟ ਮੰਤਰੀ ਸੋਨੀ ਨੇ ਕ੍ਰਿਸ਼ਚੀਅਨ ਵੈਲਫੇਅਰ ਸੁਸਾਇਟੀ ਨੂੰ ਦਿੱਤਾ ਇਕ ਲੱਖ ਰੁਪੈ ਦਾ ਚੈਕ

ਅੰਮ੍ਰਿਤਸਰ, 21 ਮਈ:

ਅੱਜ ਸ੍ਰੀ ਓਮ ਪ੍ਰਕਾਸ਼ ਸੋਨੀ ਡਾਕਟਰੀ ਸਿਖਿਆ ਤੇ ਖੋਜ ਮੰਤਰੀ ਪੰਜਾਬ ਦੇ ਨਿਵਾਸ ਅਸਥਾਨ ਵਿਖੇ ਐਲ:ਆਈ:ਸੀ ਆਫ ਇੰਡੀਆ ਦੇ ਕਰਮਚਾਰੀ ਸੰਗਠਨ ਵੱਲੋਂ ਮੁੱਖ ਮੰਤਰੀ ਕੋਵਿਡ-19 ਰਲੀਫ ਫੰਡ ਲਈ 1,68500/-ਰੁਪੈ ਦਾ ਚੈਕ ਸ੍ਰੀ ਸੋਨੀ ਨੂੰ ਭੇਂਟ ਕੀਤਾ। ਇਸ ਮੌਕੇ ਕਰਮਚਾਰੀ ਸੰਗਠਨ ਦੇ ਨੇਤਾ ਸ੍ਰੀ ਰਣਜੀਤ ਰਾਏ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਸਰਕਾਰ ਦੇ ਨਾਲ ਹਨ।

ਸ੍ਰੀ ਸੋਨੀ ਵੱਲੋਂ ਐਲ:ਆਈ:ਸੀ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਐਲ:ਆਈ:ਸੀ ਦੇ ਕਰਮਚਾਰੀਆਂ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਸ੍ਰੀ ਸੋਨੀ ਨੇ ਦੱਸਿਆ ਕਿ ਇਸ ਮਹਾਂਮਾਰੀ ਦੌਰਾਨ ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਕਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਸ੍ਰੀ ਸੋਨੀ ਵੱਲੋਂ ਆਪਣੇ ਨਿਵਾਸੀ ਅਸਥਾਨ ਤੇ ਆਏ ਕ੍ਰਿਸ਼ਚੀਅਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਉਲਫਤ ਰਾਜ ਨੂੰ ਚਰਚ ਦੀ ਮੁਰੰਮਤ ਲਈ ਇਕ ਲੱਖ ਰੁਪੈ ਦਾ ਚੈਕ ਵੀ ਭੇਂਟ ਕੀਤਾ ਗਿਆ। ਸ੍ਰੀ ਸੋਨੀ ਨੇ ਕਿਹਾ ਕਿ ਜੇਕਰ ਹੋਰ ਫੰਡਾਂ ਦੀ ਲੋੜ ਹੋਵੇਗੀ ਤਾਂ ਉਹ ਵੀ ਦਿੱਤੇ ਜਾਣਗੇ।

ਇਸ ਮੌਕੇ ਸ੍ਰੀ ਵਿਕਾਸ ਸੋਨੀ ਕੌਂਸਲਰ, ਸ੍ਰੀ ਸੁਨੀਲ ਕੁਮਾਰ ਸੈਕਟਰੀ ਐਲ:ਆਈ:ਸੀ, ਕੈਸ਼ੀਅਰ ਸ੍ਰੀ ਗੁਰਭੇਜ ਸਿੰਘ ਅਤੇ ਸ੍ਰੀ ਰਾਜੇਸ਼ ਕੁਮਾਰ, ਸ੍ਰੀ ਰਾਘਵ ਸੋਨੀ, ਸ੍ਰੀ ਪਿਆਰਾ ਲਾਲ ਸੇਠ, ਸ੍ਰੀ ਧਰਮਵੀਰ ਸਰੀਨ ਵੀ ਹਾਜਰ ਸਨ।

ਕੈਪਸ਼ਨ

ਐਲ:ਆਈ:ਸੀ ਦੇ ਕਰਮਚਾਰੀਆਂ ਸ੍ਰੀ ਓਮ ਪ੍ਰਕਾਸ਼ ਸੋਨੀ ਡਾਕਟਰੀ ਸਿਖਿਆ ਤੇ ਖੋਜ ਮੰਤਰੀ ਪੰਜਾਬ ਨੂੰ ਮੁੱਖ ਮੰਤਰੀ ਕੋਵਿਡ ਰਲੀਫ ਫੰਡ ਲਈ ਇਕ ਲੱਖ ਰੁਪੈ ਦਾ ਚੈਂਕ ਭੇਂਟ ਕਰਦੇ ਹੋਏ।

ਸ੍ਰੀ ਓਮ ਪ੍ਰਕਾਸ਼ ਸੋਨੀ ਡਾਕਟਰੀ ਸਿਖਿਆ ਤੇ ਖੋਜ ਮੰਤਰੀ ਪੰਜਾਬ ਕ੍ਰਿਸ਼ਚੀਅਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਉਲਫਤ ਰਾਜ ਨੂੰ ਚਰਚ ਦੀ ਮੁਰੰਮਤ ਲਈ ਇਕ ਲੱਖ ਰੁਪੈ ਦਾ ਚੈਕ ਦਿੰਦੇ ਹੋਏ।

=========

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਔਰਤਾਂ ਦੀ ਸੰਸਥਾ ਫੂਲਕਾਰੀ ਕੈਨ ਨੇ ਲੋੜਵੰਦਾਂ ਵਿੱਚ ਰਾਸ਼ਨ, ਮਾਸਕ ਅਤੇ ਕਿੱਟਾਂ ਦੀ ਕੀਤੀ ਵੰਡ

ਅੰਮ੍ਰਿਤਸਰ, 21 ਮਈ:

ਅੰਮ੍ਰਿਤਸਰ ਦੀਆਂ ਪ੍ਰਮੁੱਖ ਔਰਤਾਂ ਦੀ ਸੰਸਥਾ ਫੂਲਕਾਰੀ ਵੱਲੋਂ ਸੀ :ਆਈ:ਆਈ ਦੇ ਸਹਿਯੋਗ ਨਾਲ ਲੋਹਗੜ, ਵਾਲਮੀਕਿ ਮੁਹੱਲਾ, ਬੰਗਲਾ ਬਸਤੀ ਅਤੇ ਵੱਲਾ ਮੰਡੀ ਵਿਖੇ ਲੋੜਵੰਦਾਂ ਵਿੱਚ ਰਾਸ਼ਨ, ਮਾਸਕ, ਸੈਨੀਟਾਈਜਰ ਅਤੇ ਸਫਾਈ ਕਿੱਟਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਫੂਲਕਾਰੀ ਦੀ ਪ੍ਰਧਾਨ ਨਿਧੀ ਸਿਧਵਾਨੀ ਨੇ ਕਿਹਾ ਕਿ ਫੂਲਕਾਰੀ ਕੈਨ ਸੰਸਥਾ ਕੋਵਿਡ 19 ਮਹਾਂਮਾਰੀ ਦੌਰਾਨ ਲਗਾਤਾਰ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਪ੍ਰਵਾਸੀ ਮਜਦੂਰਾਂ, ਦਿਹਾੜੀਦਾਰਾਂ ਵਿੱਚ ਸੁੱਕਾ ਰਾਸ਼ਨ ਅਤੇ ਲੰਗਰ ਵੰਡ ਰਹੀ ਹੈ ਅਤੇ ਅੱਜ ਫੂਲਕਾਰੀ ਵੱਲੋਂ ਲੋਹਗੜ ਦੀਆਂ ਝੁੱਗੀਆਂ ਵਿਖੇ 90 ਪਰਿਵਾਰਾਂ ਨੂੰ, ਵਾਲਮੀਕਿ ਮੁਹੱਲਾ 50 ਪਰਿਵਾਰਾਂ, ਬੰਗਲਾ ਬਸਤੀ ਵਿਖੇ 440 ਅਤੇ ਵੱਲਾ ਮੰਡੀ ਦੀਆਂ ਝੁੱਗੀਆਂ ਵਿਖੇ 120 ਪਰਿਵਾਰਾਂ ਨੂੰ ਰਾਸ਼ਨ, ਸਫਾਈ ਕਿੱਟਾਂ ਮਾਸਕ ਅਤੇ ਹੋਰ ਜਰੂਰੀ ਸਮਾਨ ਦੀ ਵੰਡ ਕੀਤੀ ਗਈ। ਉਨਾਂ ਦੱਸਿਆ ਕਿ ਕਰੋਨਾ ਮਹਾਂਮਾਰੀ ਦੌਰਾਨ ਫਰੰਟ ਲਾਈਨ ਵਿਖੇ ਕੰਮ ਕਰ ਰਹੇ ਯੋਧਿਆਂ ਨੂੰ ਪੀ:ਪੀ:ਈ ਕਿੱਟਾਂ, ਸਫਾਈ ਕਰਮਚਾਰੀਆਂ ਨੂੰ ਸਫਾਈ ਕਿੱਟਾਂ ਅਤੇ ਮਜਦੂਰਾਂ ਵਿੱਚ ਮੁੜ ਵਰਤੋਂ ਯੋਗ ਮਾਸਕ ਅਤੇ ਡਿਸਪੈਂਸਰੀਆਂ ਵਿੱਚ ਇਨਫਰਾਰੈਡ ਥਰਮਾਮੀਟਰ ਅਤੇ ਸੈਨੀਟਾਈਜਰ ਦੀ ਵੰਡ ਵੀ ਕੀਤੀ।

ਫੂਲਕਾਰੀ ਦੀ ਮੈਂਬਰ ਦੀਪਾ ਸਵਾਨੀ ਨੇ ਕਿਹਾ ਕਿ ਸਾਡੀ ਸੰਸਥਾ ਦੇ ਮੈਂਬਰ ਇਸ ਦੁੱਖ ਦੀ ਘੜੀ ਵਿੱਚ ਲੋਕਾਂ ਦੇ ਨਾਲ ਹਨ ਅਤੇ ਜਦੋਂ ਤੱਕ ਇਹ ਸੰਕਟ ਟਲ ਨਹੀਂ ਜਾਂਦਾ ਉਹ ਲੋੜਵੰਦਾਂ ਤੱਕ ਰਾਹਤ ਸਮੱਗਰੀ ਪਹੁੰਚਾਉਂਦੇ ਰਹਿਣਗੇ। ਫੂਲਕਾਰੀ ਦੀ ਸੰਸਥਾਪਕ ਪ੍ਰਨੀਤ ਬੱਬਰ ਨੇ ਕਿਹਾ ਸਾਡੀ ਸੰਸਥਾ ਵੱਲੋਂ ਸਰਕਾਰੀ ਵੱਲੋਂ ਬਣਾਏ ਗਏ ਕੁਆਰਟੀਨ ਕੇਂਦਰਾਂ ਵਿੱਚ ਰਾਹਤ ਸਮੱਗਰੀ ਪਹੁੰਚਾਈ ਗਈ ਹੈ। ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਮਾਤਾ ਕੌਲਾਂ ਜੀ ਭਲਾਈ ਕੇਂਦਰ, ਫਤਿਹਗੜ ਚੂੜੀਆਂ ਰੋਡ ਵਿਖੇ ਵਿਧਵਾਵਾਂ ਨੂੰ ਜਰੂਰੀ ਸਮਾਨ ਅਤੇ ਸਫਾਈ ਕਿੱਟਾਂ ਦਿੱਤੀਆਂ ਗਈਆਂ ਹਨ। ਇਸ ਮੌਕੇ ਫੂਲਕਾਰੀ ਦੀ ਮੈਂਬਰ ਆਰਤੀ ਖੰਨਾ, ਡਾ: ਰਸ਼ਮੀ ਵਿੱਜ, ਪ੍ਰਿਯੰਕਾ ਗੋਇਲ, ਨੇਹਾ ਸ਼ਰਮਾ ਤੇ ਡਾ: ਰੀਚਾ ਸ਼ਰਮਾ ਵੀ ਹਾਜਰ ਸਨ।

ਕੈਪਸ਼ਨ

ਫੂਲਕਾਰੀ ਕੈਨ ਸੰਸਥਾ ਦੇ ਮੈਂਬਰ ਲੋੜਵੰਦਾਂ ਨੂੰ ਕੋਵਿਡ 19 ਦੌਰਾਨ ਸਮਾਨ ਦੀ ਵੰਡ ਕਰਦੇ ਹੋਏ।

============

PHULKARI CAN – PROVIDING LOCKDOWN RELIEF

Amritsar 21 May, 2020 ---

Phulkari CAN, the philanthropic wing of Phulkari WOA, a leading women's organisation of Amritsar took its Help the Helpless Campaign forward with the distribution of hygiene kits on 21-05-2020 in association with CII, Confederation of Indian Industries, Amritsar Chpater. The distribution commenced from Lohgarh at 10:30 am & included 90 Lohgarh jhuggian, 50 in Balmiki Mohalla, 440 in Bangla Basti &120 jhuggian at Vallah Mandi.

Phulkari founder Praneet Bubber, and members Aarti Khanna, Sheetal Khanna, Dr. Rashmi Vij, Priyanka Goyal, Neha Sharma, Ina R. Singh & Dr. Richa Thaman facilitated the distributions.

As a part of Help the Helpless campaign, which was launched by Phulkari CAN to provide relief in Covid 19 crisis, hygiene kits have earlier been distributed to widows at Bibi Kaulan Ji Balahi Kender, Villagers of Nangli, Fatehgarh Churian Road, Jungbahadur & to the quarantine centre at Nagar Nigam Princess of Wales Hospital, Dabh Khatikan Hospital.

Nidhi Sindhwani, President Phulkari CAN, said, "Phulkari CAN is working hand in hand with government authorities to provide Covid 19 relief. We have distributed dry Rations & langar for migrant labour/ daily wage earners, PPE Kits to Covid frontline warriors, Re- usable Masks to labour returning to their home towns & working in villages, Infra-red thermometers, Contactless Sanitizer Dispensers & Beverages to the Government Medical College & others in need."

Navniit Miter, President CII gives his blessings in this drive to distribute hygiene kits and create an awareness for hygiene which is most important at this time.

Deepa Swani, President Phulkari, said, " Our members have come together to lessen the suffering of this time. We will continue to provide relief wherever & whenever needed till this crisis is averted."

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਆਪਣੀ ਗੱਡੀ ਆਪਣਾ ਰੋਜ਼ਗਾਰ(ਅਗਰ) ਸਕੀਮ ਲਈ 22 ਜੂਨ ਤੱਕ ਕੀਤਾ ਜਾ ਸਕਦਾ ਹੈ ਅਪਲਾਈ

ਅੰਮ੍ਰਿਤਸਰ, 21 ਮਈ:

ਪੰਜਾਬ ਸਰਕਾਰ ਦੇ ਘਰ ਘਰ ਰੋਜ਼ਗਾਰ ਮਿਸ਼ਨ ਅਧੀਨ ਸ਼ੁਰੂ ਕੀਤੀ ਗਈ ਸਕੀਮ ਆਪਣੀ ਗੱਡੀ ਆਪਣਾ ਰੋਜ਼ਗਾਰ(ਅਗਰ) ਨੌਜਾਵਾਨਾਂ ਲਈ ਸਵੈ-ਰੋਜ਼ਗਾਰ ਦਾ ਇੱਕ ਸੁਨਹਿਰੀ ਮੌਕਾ ਹੈ। ਇਸ ਸਕੀਮ ਲਈ ਅੰਮ੍ਰਿਤਸਰ ਜਿਲੇ ਦੇ ਨੋਜਵਾਨ 22 ਜੂਨ ਤੱਕ ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ, ਅੰਮ੍ਰਿਤਸਰ ਵਿਖੇ ਫਾਰਮ ਜਮਾ ਕਰਾ ਸਕਦੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਆਂ ਡਿਪਟੀ ਕਮਿਸ਼ਨਰ ਸ਼੍ਰੀ ਸ਼ਿਵ ਦੁਲਾਰ ਸਿੰਘ ਢਿੱਲੋਂ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਸਕੀਮ ਲਈ ਫਾਰਮ 22 ਜੂਨ ਤੱਕ ਜਮਾਂ ਕਰਵਾਏ ਜਾ ਸਕਦੇ ਹਨ। ਉਨਾਂ ਦੱਸਿਆ ਕਿ ਇਸ ਸਕੀਮ ਅਧੀਨ ਕਾਰ ਲਈ 75000/- ਰੁਪਏ ਤੱਕ ਦੀ ਸਬਸਿਡੀ ਜਾਂ ਕਾਰ ਦੀ ਕੁੱਲ ਕੀਮਤ ਦਾ 15% ਜੋ ਵੀ ਘੱਟ ਹੈ ਅਤੇ ਆਟੋ ਰਿਕਸ਼ਾ ਲਈ 50000/- ਰੁਪਏ ਦੀ ਸਬਸਿਡੀ ਜਾਂ ਆਟੋ ਰਿਕਸ਼ਾ ਦੀ ਕੁੱਲ ਕੀਮਤ ਦਾ 15% ਜੋ ਵੀ ਘੱਟ ਹੈ, ਸਰਕਾਰ ਵਲੋਂ ਸਫਲ ਉਮੀਦਵਾਰਾਂ ਨੂੰ ਪ੍ਰਦਾਨ ਕੀਤੀ ਜਾਵੇਗੀ । ਉਨਾਂ ਦੱਸਿਆ ਕਿ ਕੋਈ ਵੀ ਨੋਜਵਾਨ ਜੋ ਅੰਮ੍ਰਿਤਸਰ ਜਿਲੇ ਦਾ ਨਿਵਾਸੀ ਹੈ, ਜਿਸਦੀ ਉਮਰ 1 ਨਵੰਬਰ, 2019 ਤੱਕ 21 ਤੋਂ 45 ਸਾਲ ਦੇ ਵਿਚਕਾਰ, ਘੱਟੋ-ਘੱਟ ਮਿਡਲ (ਅੱਠਵੀਂ ਜਮਾਤ) ਪਾਸ ਹੈ ਅਤੇ ਨੀਲਾ ਕਾਰਡ/ਸਮਾਰਟ ਕਾਰਡ ਧਾਰਕ ਹੈ, ਉਹ ਇਸ ਸਕੀਮ ਲਈ ਅਪਲਾਈ ਕਰ ਸਕਦਾ ਹੈ। ਉਨਾਂ ਦੱਸਿਆ ਕਿ ਉਮੀਦਵਾਰ ਕੋਲ ਕਮਰਸ਼ੀਅਲ ਫੋਰ ਵੀਲਰ ਐਲ:ਐਮ:ਵੀ ਡਰਾਈਵਿੰਗ ਲਾਇਸੈਂਸ ਹੋਣਾ ਲਾਜ਼ਮੀ ਹੈ ਅਤੇ ਥ੍ਰੀ ਵੀਲਰ ਲਈ, ਜੋ ਵੀ ਲੋੜੀਂਦਾ ਲਾਈਸੈਂਸ ਹੋਵੇ, ਹੋਣਾ ਚਾਹੀਦਾ ਹੈ ।ਉਨਾਂ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਚਾਹਵਾਨ ਉਮੀਦਵਾਰ ਫਾਰਮ ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ, ਜ਼ਿਲਾ ਪ੍ਰਬੰਧਕੀ ਕੰਪਲੈਕਸ, ਨੇੜੇ ਜ਼ਿਲਾ ਅਦਾਲਤਾਂ, ਅੰਮ੍ਰਿਤਸਰ ਵਿਖੇ ਜਮਾ ਕਰਵਾਉਣ ਅਤੇ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98725-69068 ਸੰਪਰਕ ਕਰ ਸਕੇਦ ਹਨ।

======

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਪ੍ਰਵਾਸੀ ਕਾਮਿਆਂ ਨੂੰ ਲੈ ਕੇ ਅੰਮ੍ਰਿਤਸਰ ਤੋਂ ਦੋ ਗੱਡੀਆਂ ਰਵਾਨਾ

ਬੇਤੀਆ (ਬਿਹਾਰ) ਅਤੇ ਕਟਨੀ (ਮੱਧ ਪ੍ਰਦੇਸ਼) ਲਈ ਟ੍ਰੇਨ ਰਵਾਨਾ

ਦੋਵਾਂ ਟ੍ਰੇਨਾਂ ਵਿੱਚ ਲਗਭਗ 2400 ਯਾਤਰੂ ਗਏ ਆਪਣੇ ਘਰਾਂ ਨੂੰ

ਅੰਮ੍ਰਿਤਸਰ, 21 ਮਈ ( )-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੋਵਿਡ ਸੰਕਟ ਦੇ ਚੱਲਦੇ ਉਨਾਂ ਪ੍ਰਵਾਸੀ ਮਜ਼ਦੂਰਾਂ ਨੂੰ ਉਨਾਂ ਦੇ ਸੂਬਿਆਂ 'ਚ ਭੇਜਣ ਦੀ ਪਹਿਲ ਕੀਤੀ ਗਈ ਸੀ, ਜੋ ਕਿ ਇਸ ਮੌਕੇ ਆਪਣੇ ਪਰਿਵਾਰ ਕੋਲ ਜਾਣਾ ਚਾਹੁੰਦੇ ਹਨ। ਇਸ ਕੋਸ਼ਿਸ਼ ਤਹਿਤ ਅੱਜ ਅੰਮ੍ਰਿਤਸਰ ਤੋਂ ਬੇਤੀਆ (ਬਿਹਾਰ) ਲਈ ਰੇਲਗੱਡੀ 12 ਵਜੇ ਜਿਸ ਵਿਚ 1200 ਯਾਤਰੀ ਅਤੇ ਅੰਮ੍ਰਿਤਸਰ ਤੋਂ ਕਟਨੀ (ਮੱਧ ਪ੍ਰਦੇਸ਼) ਲਈ ਛੇ ਵਜੇ ਜਿਸ ਵਿਚ 1200 ਯਾਤਰੀ ਰਵਾਨਾ ਹੋਏ।

ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਸ: ਸ਼ਿਵਦੁਲਾਰ ਸਿੰਘ ਢਿਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦੱਸਿਆ ਕਿ ਲਾਕਡਾਊਨ ਮੌਕੇ ਪੰਜਾਬ ਵਿਚੋਂ ਚੱਲ ਰਹੀਆਂ ਸਾਰੀਆਂ ਵਿਸ਼ੇਸ਼ ਰੇਲ ਗੱਡੀਆਂ ਦਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਪ੍ਰਵਾਸੀਆਂ ਨੂੰ ਉਨਾਂ ਦੇ ਘਰਾਂ ਤੋਂ ਲੈ ਕੇ ਸਿਹਤ ਨਿਰੀਖਣ ਅਤੇ ਰੇਲ ਗੱਡੀ ਵਿਚ ਸਵਾਰ ਹੋਣ ਤੱਕ ਸਾਰਾ ਪ੍ਰਬੰਧ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਕੀਤਾ ਗਿਆ। ਘਰ ਜਾ ਰਹੇ ਪ੍ਰਵਾਸੀਆਂ ਨੇ ਵੀ ਇੰਨਾਂ ਯਤਨਾਂ ਲਈ ਮੁੱਖ ਮੰਤਰੀ ਪੰਜਾਬ ਅਤੇ ਜਿਲਾ ਪ੍ਰਸ਼ਾਸ਼ਨ ਦਾ ਧੰਨਵਾਦ ਕੀਤਾ, ਜਿੰਨਾ ਦੀ ਸਹਾਇਤਾ ਨਾਲ ਉਹ ਸੁਖੀ-ਸਾਂਦੀ ਆਪਣੇ ਘਰ ਪਰਤਣਗੇ। ਉਨਾਂ ਕਿਹਾ ਕਿ ਇਹ ਰੇਲ ਗੱਡੀਆਂ ਅਜੇ ਇਸੇ ਤਰਾਂ ਚੱਲਦੀਆਂ ਰਹਿਣਗੀਆਂ ਤੇ ਜਿੰਨਾ ਪ੍ਰਵਾਸੀਆਂ ਨੇ ਪੰਜਾਬ ਸਰਕਾਰ ਦੀ ਵੈਬ ਸਾਇਟ ਉਤੇ ਘਰ ਜਾਣ ਲਈ ਅਪਲਾਈ ਕੀਤਾ ਹੈ, ਉਨਾਂ ਨੂੰ ਉਨਾਂ ਦੇ ਫੋਨ ਉਤੇ ਸੰਦੇਸ਼ ਭੇਜ ਕੇ ਰੇਲ ਗੱਡੀ ਵਿਚ ਚੜਨ ਲਈ ਸੱਦਿਆ ਜਾ ਰਿਹਾ ਹੈ। ਇਸ ਤਰਾਂ ਕਿਧਰੇ ਭੀੜ ਨਹੀਂ ਪੈਂਦੀ ਅਤੇ ਹਰ ਕੋਈ ਆਪਣੀ ਵਾਰੀ ਨਾਲ ਆ ਕੇ ਰੇਲ ਗੱਡੀ ਵਿਚ ਸਵਾਰ ਹੋ ਰਿਹਾ ਹੈ। ਉਨਾਂ ਦੱਸਿਆ ਕਿ ਸਫਰ ਤੋਂ ਪਹਿਲਾਂ ਸਾਰੇ ਪ੍ਰਵਾਸੀਆਂ ਦੀ ਸਿਹਤ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਤਾਂ ਕਿ ਕਿਧਰੇ ਵੀ ਕੋਵਿਡ 19 ਤੋਂ ਪੀੜਤ ਨਾ ਹੋਵੇ, ਜਿਸ ਕਾਰਨ ਵਾਇਰਸ ਨੂੰ ਅੱਗੇ ਫੈਲਣ ਵਿਚ ਮਦਦ ਮਿਲੇ।

ਇਸ ਮੌਕੇ ਤਹਿਸੀਲਦਾਰ ਵੀਰਕਰਨ ਸਿੰਘ ਢਿਲੋਂ, ਸ: ਬਲਵਿੰਰਦ ਸਿੰਘ ਸ਼ੰਮੀ, ਸ੍ਰੀ ਦਿਨੇਸ਼ ਕੁਮਾਰ, ਸ੍ਰੀ ਅਸੋਕ ਕੁਮਾਰ ਕਾਨੂੰਗੋ, ਸ੍ਰੀ ਸੁਨੀਲ ਕੁਮਾਰ, ਸ: ਕੁਲਜੀਤ ਸਿੰਘ, ਸ: ਪਰਸਨ ਸਿੰਘ ਵੀ ਹਾਜ਼ਰ ਸਨ।

ਕੈਪਸ਼ਨ-

ਪ੍ਰਵਾਸੀ ਕਾਮੇ ਟ੍ਰੇਨਾਂ ਰਾਹੀਂ ਆਪਣੇ ਘਰਾਂ ਨੂੰ ਰਵਾਨਾ ਹੁੰਦੇ ਹੋਏ।

==========